ਟੈਬ ਸਾਈਟ, ਚੰਡੀਗੜ੍ਹ, ਕੈਸ਼ ਬੋਰਡ

**ਪੰਜਾਬ ਸਰਕਾਰ**
**ਭਲਾਈ ਵਿਭਾਗ**
**(ਭਲਾਈ ਸੈਲ ਨਾਨ ਪਲਾਨ)**

**ਨੋਟੀਫਿਕੇਸ਼ਨ**

**ਨੰਬਰ** 3/124/16-ਸਮ.ਏ.1/22084)
**ਮਿਤੀ,ਚੰਡੀਗੜ੍ਹ** ......7..**ਨਵੰਬਰ, 2016**

**ਵਿਸ਼ਾ:** **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ (ਕੇਂਦਰੀ ਪ੍ਰਾਯੋਜਿਤ) ਤਹਿਤ ਕਾਰਪਸ ਫੰਡ (Corpus Fund) ਸਥਾਪਤ ਕਰਨ ਸਬੰਧੀ।**

ਪੰਜਾਬ ਸਰਕਾਰ, ਭਲਾਈ ਵਿਭਾਗ ਵਲੋਂ ਭਾਰਤ ਸਰਕਾਰ ਦੀ ਸਹਾਇਤਾ ਨਾਲ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ (ਕੇਂਦਰੀ ਪ੍ਰਾਯੋਜਿਤ) ਸਕੀਮ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਪੜ੍ਹਨ ਵਾਲੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ, ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ, ਨੂੰ ਭਾਰਤ ਸਰਕਾਰ ਵਲੋਂ ਨਿਰਧਾਰਤ ਮੇਟੀਨੈਂਸ ਅਲਾਉਂਸ ਦਿੱਤਾ ਜਾਂਦਾ ਹੈ ਅਤੇ ਜਰੂਰੀ ਨਾ-ਮੋੜਯੋਗ ਫੀਸਾਂ ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ.ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਕਵਰ ਹੋਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੁੰਦੀ। ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਨੈਸ਼ਨਲ ਪੱਧਰ ਜਾਂ ਰਾਜ ਪੱਧਰ ਦੀਆਂ ਸੰਸਥਾਵਾਂ ਵਿੱਚ ਪ੍ਰੋਫੈਸ਼ਨਲ ਕੋਰਸਾਂ ਦੀ ਉੱਚ ਸਿੱਖਿਆ ਦਿਵਾਉਣ ਵਿੱਚ ਕਾਫੀ ਦਿੱਕਤ ਪੇਸ਼ ਆਉਂਦੀ ਹੈ, ਕਿਉਂਕਿ ਸੰਸਥਾਵਾਂ ਵਲੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਬਿਨਾ ਫੀਸ ਲਏ ਦਾਖਲਾ ਨਹੀਂ ਦਿੱਤਾ ਜਾਂਦਾ। ਸੰਸਥਾਵਾਂ ਵੱਲੋਂ ਵਿਦਿਆਰਥੀਆਂ ਤੋਂ ਪ੍ਰੀਖਿਆ ਫੀਸਾਂ ਨਿਰਧਾਰਤ ਸਮੇਂ ਤੇ ਲਈਆਂ ਜਾਂਦੀਆਂ ਹਨ, ਜਿਸ ਦੀ ਦੇਰੀ ਹੋਣ ਕਰਕੇ ਪੈਨਲਿਟੀ ਵਿਦਿਆਰਥੀਆਂ ਨੂੰ ਦੇਣੀ ਪੈਂਦੀ ਹੈ। ਭਾਰਤ ਸਰਕਾਰ ਪਾਸੋਂ ਸਕੀਮ ਅਧੀਨ ਫੰਡਜ ਸਮੇਂ-ਸਿਰ ਪ੍ਰਾਪਤ ਨਾ ਹੋਣ ਕਾਰਨ ਫੀਸਾਂ ਦੀ ਅਦਾਇਗੀ ਸਬੰਧੀ ਵਿਦਿਆਰਥੀਆਂ ਨੂੰ ਵਿੱਤੀ ਔਕੜ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਸਕੀਮ ਦਾ ਮੰਤਵ ਅਧੂਰਾ ਰਹਿ ਜਾਂਦਾ ਹੈ।

(1) ਇਸ ਸਕੀਮ ਦੀ ਮਹੱਤਤਾ ਅਤੇ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸਕੀਮ ਨੂੰ ਹੋਰ ਕਾਮਯਾਬੀ ਨਾਲ ਚਲਾਉਣ ਲਈ ਰਾਜ ਸਰਕਾਰ ਨੇ ਦਾਖਲੇ ਸਮੇਂ *ਫੀਸ ਦੀ reimbursement ਲਈ ਕਾਰਪਸ ਫੰਡ (Corpus Fund) ਦੀ ਰਚਨਾ ਕੀਤੀ ਹੈ।

> ***Fees means, charges such as, *admission, registration, examination, tuition, games, union, library, magazine, medical examination etc.*** *(ਇਹ ਸਾਰੀ ਫੀਸ ਸਰਕਾਰ ਵੱਲੋਂ ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਨੂੰ ਸਿਧੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ **reimburse** /ਦਿੱਤੀ ਜਾਂਦੀ ਹੈ)।*
>
> ***It will not include caution money, security deposit, which are refundable in nature.*** *(ਇਹ ਸਾਰੀ ਫੀਸ ਸਰਕਾਰ ਵੱਲੋਂ ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਨੂੰ, **reimburse** ਨਹੀਂ ਕੀਤੀ ਜਾਂਦੀ ਹੈ, ਕਿਉਂ ਜੋ ਇਹ ਵਿਦਿਆਰਥੀਆਂ ਨੂੰ ਕੋਰਸ ਪੂਰਾ ਕਰਨ ਤੇ, ਸੰਸਥਾ/ਯੂਨੀਵਰਸਿਟੀ ਵੱਲੋਂ ਵਾਪਿਸ ਕਰ ਦਿੱਤੀ ਜਾਂਦੀ ਹੈ)।*

2. ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀ, ਲਾਭ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

3. ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਇੰਪਾਵਰਮੈਂਟ, ਭਾਰਤ ਸਰਕਾਰ ਵੱਲੋਂ ਪ੍ਰਵਾਨਤ Nationally listed Institutes of excellence ਵਿੱਚ ਕਿਸੇ ਵੀ ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ।

4. ਇਸ ਸਕੀਮ ਦਾ ਲਾਭ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੇ 10+2 (ਬਾਰ੍ਹਵੀਂ) ਦੇ ਬੋਰਡ ਦੇ ਇਮਤਿਹਾਨ ਵਿੱਚ ਘੱਟ ਤੋਂ ਘੱਟ 60% ਤੋਂ ਵੱਧ ਨੰਬਰ ਪ੍ਰਾਪਤ ਕਰਨੇ ਹੋਣਗੇ। ਜਿਹੜੇ renewal ਦੇ ਕੇਸ ਹੋਣਗੇ ਉਨ੍ਹਾਂ ਨੂੰ ਹਰੇਕ ਵਿਦਿਅਕ ਸੈਸ਼ਨ ਵਿੱਚ 60% ਤੋਂ ਵੱਧ ਨੰਬਰ ਪ੍ਰਾਪਤ ਕਰਨੇ ਹੋਣਗੇ।

5. ਕਾਰਪਸ ਫੰਡ ਅਧੀਨ ਲਾਭ ਲੈਣ ਲਈ ਵਿਦਿਆਰਥੀ ਨੂੰ ਅਗਲੇ ਸਾਲ ਦੇ ਵਿਦਿਅਕ ਸੈਸ਼ਨ ਵਿੱਚ 60% ਪ੍ਰਾਪਤ ਕਰਨੇ ਜ਼ਰੂਰੀ ਹੋਣਗੇ।

6. ਜਿਹੜੇ ਵਿਦਿਆਰਥੀ ਯੋਗ ਹੋਣਗੇ ਉਨ੍ਹਾਂ ਨੂੰ ਰਾਸ਼ੀ ਦੀ ਵੰਡ ਹੇਠ ਲਿਖੀ priority ਅਨੁਸਾਰ ਕੀਤੀ ਜਾਵੇਗੀ:-

Degree, Post Graduate and Research level Courses in

a) Medicine (Allopathic, Indian and other recognized systems of medicines);
b) Engineering, Technology, Planning, Architecture, Design, Fashion Technology, Agriculture;
c) Veterinary and Allied Sciences;
d) Management, Business Finance/Administration, Computer Science/Applications, Commercial Pilot License;
e) Law;
f) Social Sciences.

7. ਬਾਹਰਲੇ ਰਾਜਾਂ ਵਿੱਚ ਪੜ੍ਹਨ ਵਾਲੇ, ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਦੇ ਯੋਗ ਵਿਦਿਆਰਥੀ ਸਕਾਲਰਸ਼ਿਪ ਲਈ ਭਲਾਈ ਵਿਭਾਗ (ਡਾਇਰੈਕਟਰ ਭਲਾਈ, ਪੰਜਾਬ) ਨੂੰ, ਸਿੱਧਾ ਹੀ ਨਿਸ਼ਚਿਤ ਮਿਤੀ ਤੱਕ ਮੈਨੂਅਲੀ/ਡਾਕ ਰਾਹੀਂ (ਜਿੰਨੀ ਦੇਰ ਤੱਕ ਪੋਰਟਲ ਵਿੱਚ ਆਨ ਲਾਈਨ ਪ੍ਰੋਵੀਜ਼ਨ ਨਹੀਂ ਹੋ ਜਾਂਦਾ) ਅਪਲਾਈ ਕਰਨਗੇ ।

8. ਕੋਰਸ ਦੀ ਪੜ੍ਹਾਈ ਪੂਰੀ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੀਮ ਅਧੀਨ ਫੀਸ ਨਹੀਂ ਦਿੱਤੀ ਜਾਵੇਗੀ। ਕੋਰਸ ਅਧੂਰਾ ਛੱਡਣ ਵਾਲੇ ਵਿਦਿਆਰਥੀ ਨੂੰ, ਜੇਕਰ ਫੀਸ ਦੀ ਰਾਸ਼ੀ corpus fund ਵਿੱਚੋਂ ਦਿਤੀ ਗਈ ਹੈ, ਤਾਂ ਵਿਦਿਆਰਥੀ ਪਾਸੋਂ ਸਮੇਤ 8% ਵਿਆਜ ਵਸੂਲ ਕੀਤੀ ਜਾਵੇਗੀ। ਇਸ ਸਬੰਧੀ ਸਬੰਧਤ ਵਿਦਿਆਰਥੀ ਪਾਸੋਂ ਅੰਡਰਟੇਕਿੰਗ ਪ੍ਰਾਪਤ ਕੀਤੀ ਜਾਵੇਗੀ।

9. ਕਾਰਪਸ ਫੰਡ ਵਿੱਚੋਂ ਰਾਸ਼ੀ ਦੀ ਵਰਤੋਂ ਸਿਰਫ ਵਿਦਿਆਰਥੀਆਂ ਦੇ ਦਾਖਲੇ ਫੀਸ ਦੀ ਅਦਾਇਗੀ ਲਈ ਹੀ ਵਰਤੀ ਜਾਵੇਗੀ ਅਤੇ ਪ੍ਰਬੰਧਕੀ ਵਿਭਾਗ ਦਾਖਲਾ ਫੀਸ ਵਜੋਂ ਅਦਾ ਕੀਤੀ ਰਾਸ਼ੀ ਦੀ ਪ੍ਰਤੀ ਪੂਰਤੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਵਿੱਚੋਂ ਕਰੇਗਾ।

10. ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਸਿਖਿਆਰਥੀ ਜੋ ਲਾਭ ਲੈਣ ਦੇ ਚਾਹਵਾਨ ਹੋਣਗੇ ਉਹ ਜਿਲ੍ਹਾ ਭਲਾਈ ਅਫਸਰ ਨੂੰ ਦਰਖਾਸਤ ਦੇਣਗੇ। ਅਪਲਾਈ ਕਰਨ ਵਾਲੇ ਵਿਦਿਆਰਥੀ ਨਿੱਜੀ ਤੌਰ ਤੇ ਕਮੇਟੀ ਸਾਹਮਣੇ ਪੇਸ਼ ਹੋਣਗੇ। ਇਸ ਮੰਤਵ ਲਈ ਜਿਲ੍ਹਾ ਪੱਧਰੀ ਕਮੇਟੀ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ:-

| | | |
|---|---|---|
| 1. | ਜਿਲ੍ਹਾ ਭਲਾਈ ਅਫਸਰ | ਚੇਅਰਮੈਨ |
| 2. | ਸਬੰਧਤ ਤਹਿਸੀਲ ਭਲਾਈ ਅਫਸਰ | ਮੈਂਬਰ |
| 3. | ਲਾਗੂਕਰਤਾ ਵਿਭਾਗ ਦਾ ਨੁਮਾਇੰਦਾ/ਸੈਂਕਸ਼ਨਿੰਗ ਅਥਾਰਟੀ | ਮੈਂਬਰ |
| 4. | ਸਬੰਧਤ ਸੰਸਥਾ ਦਾ ਨੁਮਾਇੰਦਾ | ਮੈਂਬਰ |

- ਇਹ ਕਮੇਟੀ, ਵਿਦਿਆਰਥੀਆਂ ਦੇ ਆਮਦਨ, ਜਾਤੀ ਅਤੇ ਵਿਦਿਅਕ ਯੋਗਤਾਵਾਂ ਅਤੇ offer of admission ਆਦਿ ਸਬੰਧੀ ਪੜਤਾਲ ਕਰੇਗੀ;
- ਇੱਛੁਕ ਵਿਦਿਆਰਥੀ ਸਬੰਧਤ ਜਿਲ੍ਹਾ ਭਲਾਈ ਅਫਸਰ ਦੇ ਦਫਤਰ ਵਿਚ ਅਪਲਾਈ ਕਰਨਗੇ।

ਉਪਰੋਕਤ ਕਮੇਟੀ ਯੋਗ ਵਿਦਿਆਰਥੀਆਂ ਦੀ ਸਿਫਾਰਸ਼ ਰਾਜ ਪੱਧਰ ਤੇ ਹੇਠ ਲਿਖੇ ਅਨੁਸਾਰ ਗਠਿਤ ਕਮੇਟੀ ਨੂੰ ਭੇਜੇਗੀ:-

| | | |
|---|---|---|
| 1. | ਸਕੱਤਰ, ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ | ਚੇਅਰਮੈਨ |
| 2. | ਡਾਇਰੈਕਟਰ, ਭਲਾਈ ਵਿਭਾਗ | ਕਨਵੀਨਰ ਅਤੇ ਮੈਂਬਰ ਸਕੱਤਰ |
| 3. | ਸਬੰਧਤ ਸਪੈਸ਼ਲ ਸਕੱਤਰ/ਅਡੀਸ਼ਨਲ ਸਕੱਤਰ ਵਿੱਤ ਵਿਭਾਗ | ਮੈਂਬਰ |
| 4. | ਸਬੰਧਤ ਵਿਭਾਗ ਦਾ ਨੁਮਾਇੰਦਾ | ਮੈਂਬਰ |

ਇਹ ਕਮੇਟੀ ਜਿਲਾ ਪੱਧਰੀ ਕਮੇਟੀ ਤੋਂ ਪ੍ਰਾਪਤ ਸਿਫਾਰਸ਼ ਦੇ ਆਧਾਰ ਤੇ ਫੰਡਜ਼ ਦੀ ਵੰਡ ਕਰੇਗੀ।

11. ਯੋਗ ਵਿਦਿਆਰਥੀਆਂ ਨੂੰ ਸਕੀਮ ਅਧੀਨ ਭਲਾਈ ਵਿਭਾਗ ਵੱਲੋਂ ਤਿਆਰ ਕੀਤੇ Dr.Ambedkar Portal for Scholarship ਵਿੱਚ Post Matric Scholarship ਲਈ ਆਨ ਲਾਈਨ ਅਪਲਾਈ ਕਰਨਾ ਜ਼ਰੂਰੀ ਹੋਵੇਗਾ।

12. Corpus fund ਨੂੰ ਕਿਸੇ ਵੀ ਬੈਂਕ ਵਿੱਚ, ਜਿਸ ਦਾ ਵਿਆਜ ਜਿਆਦਾ ਹੋਵੇਗਾ fix deposit ਦੇ ਤੌਰ ਤੇ ਰੱਖਿਆ ਜਾਵੇਗਾ। Corpus fund ਤੋਂ ਜੋ ਵਿਆਜ ਆਏਗਾ ਉਹ ਸਕੀਮ ਦਾ ਹਿੱਸਾ ਹੋਵੇਗਾ। ਵਿੱਤ ਵਿਭਾਗ ਇਹ ਯਕੀਨੀ ਬਣਾਏਗਾ ਜੋ ਵਿਆਜ ਆਏਗਾ ਉਹ ਇਨਕਮ ਟੈਕਸ ਫਰੀ ਹੋਵੇਗਾ।

13. ਜਦੋਂ ਭਾਰਤ ਸਰਕਾਰ ਤੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਰਾਸ਼ੀ ਪ੍ਰਾਪਤ ਹੋ ਜਾਵੇਗੀ ਤਾਂ ਰਾਸ਼ੀ Corpus fund ਨੂੰ ਵਾਪਸ ਕਰ ਦਿੱਤੀ ਜਾਵੇਗੀ।

ਸਾਲ 2016-17 ਦੌਰਾਨ ਇਹ ਸਕੀਮ ਲਾਗੂ ਕੀਤੀ ਗਈ ਹੈ।

ਮਿਤੀ,ਚੰਡੀਗੜ੍ਹ

ਕਿਰਪਾ ਸ਼ੰਕਰ ਸਰੋਜ,ਆਈ.ਏ.ਐਸ.,
ਸਕੱਤਰ ਪੰਜਾਬ ਸਰਕਾਰ
ਭਲਾਈ ਵਿਭਾਗ,ਚੰਡੀਗੜ੍ਹ

ਪਿੱਠ ਅੰਕਣ ਨੰਬਰ 2209-2225 ਮਿਤੀ, ਚੰਡੀਗੜ੍ਹ 7.11.2016

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਸਕੱਤਰ, ਖੇਤੀਬਾੜੀ, ਪੰਜਾਬ, ਚੰਡੀਗੜ੍ਹ;
2. ਵਧੀਕ ਮੁੱਖ ਸਕੱਤਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ;
3. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ;
4. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਉਚੇਰੀ ਸਿੱਖਿਆ, ਚੰਡੀਗੜ੍ਹ;
5. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ, ਚੰਡੀਗੜ੍ਹ;
6. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ;
7. ਸਕੱਤਰ ਪੰਜਾਬ ਸਰਕਾਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਚੰਡੀਗੜ੍ਹ:
8. ਡਾਇਰੈਕਟਰ, ਖੇਤੀਬਾੜੀ, ਪੰਜਾਬ, ਐਸ.ਏ.ਐਸ.ਨਗਰ;
9. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ;
10. ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਿਜ), ਪੰਜਾਬ, ਚੰਡੀਗੜ੍ਹ;
11. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ, ਐਸ.ਏ.ਐਸ.ਨਗਰ;
12. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
13. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;
14. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਸਕੱਤਰ ਭਲਾਈ

Website
email
Notice Board

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ , ਐਸ.ਏ.ਐਸ ਨਗਰ।
(ਵਜੀਫਾ ਸਾਖਾ)

ਪਿਠ ਅੰਕਣ ਨੰ: 4/1-2016ਵਜੀਫਾ(2) ਮਿਤੀ 15-12-2016

ਉਤਾਰਾ ਮੂਲ ਰੂਪ ਵਿੱਚ ਸਮੂਹ ਮੰਡਲ (ਨਾਭਾ , ਫਰੀਦਕੋਟ, ਜਲੰਧਰ) ਅਤੇ ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ) ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਇਸ ਸਕੀਮ ਸਬੰਧੀ ਆਪਣੇ ਅਧੀਨ ਆਉਂਦੇ ਸਕੂਲ ਮੁੱਖੀਆਂ ਨੂੰ ਨਿਰਦੇਸ ਦੇਣ ਕਿ ਉਹ ਸਕੂਲਾਂ ਵਿੱਚ +2 ਕਰ ਰਹੇ ਵਿਦਿਆਰਥੀਆਂ ਨੂੰ ਇਸ ਸਕੀਮ ਸਬੰਧੀ ਜਾਗਰੂਕ ਕਰਨ ਤਾਂ ਜ਼ੋ ਉਹ ਆਪਣੀ ਅਗਲੇਰੀ ਪੜ੍ਹਾਈ ਨਿਰਵਿਘਨ ਜਾਰੀ ਰੱਖ ਸਕਣ।

15/12/16
ਵਿਸੇਸ ਕਾਰਜ ਅਫਸਰ (ਵਜੀਫਾ)